ਗਲਾਸਗੋ 2014 ਕਾਮਨਵੈਲਥ ਖੇਡਾਂ (Glasgow 2014 Commonwealth Games) ਦੇ ਅਧਿਕਾਰੀ ਵੈਬਸਾਈਟ ਤੇ ਸਵਾਗਤ ਹੈ। ਇਥੇ ਤੁਸੀਂ ਉਹ ਸਭ ਕੁਝ ਲੱਭ ਸਕੋਗੇ, ਜੋ ਕੁਝ ਵੀ ਤੁਹਾਨੂੰ ਗਲਾਸਗੋ ਵਿੱਚ ਮੇਜ਼ਬਾਨ ਹੋ ਰਹੀਆਂ ਅਤੇ ਸੰਸਾਰ ਭਰ ਦੇ ਕਰੋੜਾਂ ਖੇਡ ਪ੍ਰੇਮੀਆਂ ਨੂੰ ਮੋਹ ਲੈਣ ਵਾਲੀਆਂ ਅਤੇ ਉਤਸ਼ਾਹਿਤ ਕਰਨ ਵਾਲੀਆਂ 11-ਦਿਨਾਂ ਦੀਆਂ ਖੇਡਾਂ ਬਾਰੇ ਜਾਣਨ ਦੀ ਲੋੜ ਹੈ।

ਕਾਮਨਵੈਲਥ ਖੇਡਾਂ ਦੀ ਵਿਸ਼ਵ ਵਿਆਪੀ ਖੇਡਾਂ ਦੇ ਸਮਾਗਮ ਵੱਜੋਂ ਇੱਕ ਸ਼ਾਨਦਾਰ ਵਿਰਾਸਤ ਹੈ। ਇਹ ਹਰ ਚਾਰ ਸਾਲਾਂ ਬਾਦ ਰੱਖੀਆਂ ਜਾਂਦੀਆਂ ਹਨ ਜਿਸ ਵਿੱਚ ਕਈ ਪ੍ਰਕਾਰ ਦੀਆਂ ਖੇਡਾਂ ਵਿੱਚ 70 ਕੌਮਾਂ ਅਤੇ 6,500 ਖਿਡਾਰੀ ਅਤੇ ਅਧਿਕਾਰੀ ਭਾਗ ਲੈਂਦੇ ਹਨ ਜਿਥੇ ਸਖ਼ਤ ਮੁਕਾਬਲੇਬਾਜ਼ੀ, ਪ੍ਰਸਪਰ ਸਤਿਕਾਰ ਅਤੇ ਦੋਸਤੀ ਇਸ ਦੀ ਧੁਰ ਹਨ।

ਗਲਾਸਗੋ ਨੂੰ ਬੁੱਧਵਾਰ 23 ਜੁਲਾਈ ਤੋਂ ਐਤਵਾਰ 3 ਅਗਸਤ 2014 ਤੱਕ ਇਨ੍ਹਾਂ "ਦੋਸਤਾਨਾ ਖੇਡਾਂ" ਦੀ ਮੇਜ਼ਬਾਨੀ ਕਰਨ ਅਤੇ ਸਭ ਕਾਮਨਵੈਲਥ ਭਰ ਦੀਆਂ ਕੌਮਾਂ, ਦੇਸ਼ਾਂ ਅਤੇ ਇਲਾਕਿਆਂ ਤੋਂ ਦੋਸਤਾਂ ਨੂੰ ਜੀ ਆਇਆਂ ਆਖਣ ਲਈ ਨੁਮਾਇੰਦਗੀ ਕਰਨ ਦਾ ਮਾਣ ਹੈ। ਇਸ ਦੀ ਉਹ ਸ਼ੈਹਰ ਉਤਾਵਲਾ ਹੋ ਕੇ ਉਡੀਕ ਕਰ ਰਿਹਾ ਹੈ ਜਿਸ ਨੂੰ ਇਸ ਦੇ ਮਿੱਤਰਪੁਣੇ, ਖੁੱਲ੍ਹ ਦਿੱਲੀ ਅਤੇ ਹਸਮੁੱਖਤਾ ਲਈ ਮਸ਼ਹੂਰ ਹੈ।

ਖੇਡਾਂ ਹੋਣ ਤੱਕ ਹਾਲੇ ਕੁਝ ਸਾਲ ਪਏ ਹਨ ਪਰ ਯਕੀਨੀ ਬਣਾਉਣ ਲਈ ਕਿ ਇਹ ਦਿਲ ਵਿੱਚ ਹਜ਼ਾਰ ਯਾਦਾਂ ਕਾਇਮ ਰੱਖਣ ਵਾਲੀ ਇੱਕ ਖੇਡਾਂ ਦੇਖਣ ਦੀ ਮਿਸਾਲ ਬਣ ਜਾਵੇ, ਗਲਾਸਗੋ ਵਿੱਚ ਤਿਆਰੀ ਜ਼ੋਰਾਂ ਸ਼ੋਰਾਂ ਤੇ ਹੈ। ਅਸੀਂ ਚਾਹੁੰਦੇ ਹਾਂ ਕਿ ਸਭ ਦਰਸ਼ਕ, ਐਥਲੀਟ, ਖਿਡਾਰੀ, ਸਵੈਇੱਛੁਕ ਅਤੇ ਸਕੌਟਲੈਂਡ ਦੇ ਮੈਹਮਾਨ ਇਸ ਬਹੁਤ ਵਿਸ਼ੇਸ਼ ਮੌਕੇ ਵਿੱਚ ਸਾਂਝ ਪਾਉਣ।

ਗਲਾਸਗੋ ਲਈ, ਕਾਮਨਵੈਲਥ ਖੇਡਾਂ 2014, 17 ਖੇਡਾਂ ਦੇ ਪ੍ਰੋਗਰਾਮ ਨਾਲੋਂ ਬਹੁਤ ਜ਼ਿਆਦਾ ਮਹੱਤਤਾ ਰੱਖਦੀਆਂ ਹਨ। ਇਹ ਪੂਰਬੀ ਗਲਾਸਗੋ ਦੇ ਇੱਕ ਵੱਡੇ ਖਾਲੀ ਪਏ ਟੁੱਟੇ ਭੱਜੇ ਇਲਾਕੇ ਨੂੰ ਮੁੜਸੁਰਜੀਤ ਕਰਨ ਅਤੇ ਸਾਰੇ ਸਕੌਟਲੈਂਡ ਲਈ ਆਰਥਿਕ, ਸਮਾਜਿਕ ਅਤੇ ਖੇਡਾਂ ਦਾ ਵਿਰਸਾ ਕਾਇਮ ਕਰਨ ਬਾਰੇ ਹੈ। ਇਹ ਇੱਕ ਸਾਹਮਣੇ ਆ ਰਹੀ ਕਹਾਣੀ ਹੈ ਜੋ ਅਸੀਂ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਦੌਰਾਨ ਦੱਸਾਂਗੇ। ਹੁਣ ਲਈ, ਉਤਸ਼ਾਹ ਇਥੇ ਸ਼ੁਰੂ ਹੁੰਦਾ ਹੈ।